# ਕਿਤਾਬਾਂ

## ਮੁੰਦਾਵਣੀ

(ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ)

**ਲੇਖਕ : ਗਿ: ਗੁਰਦਿੱਤ ਸਿੰਘ**

*ਪ੍ਰਕਾਸ਼ਕ : ਸਾਹਿਤ ਪ੍ਰਕਾਸ਼ਨ 56, ਸੈਕਟਰ 4, ਚੰਡੀਗੜ੍ਹ,*

*ਮੁੱਲ : 400 ਰੁਪਏ, ਸਫ਼ੇ : 302.*

ਇਸ ਪੁਸਤਕ ਦਾ ਵਿਸ਼ਾ ਬਹੁਤ ਗੰਭੀਰ ਅਤੇ ਨਾਜ਼ਕ ਹੈ : ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ ਕਿ ਨਹੀਂ? ਰਾਗਮਾਲਾ ਗੁਰਬਾਣੀ ਹੈ ਜਾਂ ਨਹੀਂ? ਇਸ ਵਿਸ਼ੇ ਉਤੇ ਸਿੱਖ ਪੰਥ ਵਿਚ ਵਾਦ-ਵਿਵਾਦ ਦੇ, ਕਦੇ ਗਰਮ ਕਦੇ ਨਰਮ, ਘੱਟੋ-ਘੱਟ ਤਿੰਨ ਦੌਰ ਹੋ ਚੁੱਕੇ ਹਨ : 1901 ਤੋਂ 1910 ਤੱਕ, 1917 ਤੋਂ 1918 ਤੱਕ ਅਤੇ 1945 ਤੋਂ 1946 ਤੱਕ। ਅਸਲ ਵਿਚ ਇਸ ਵਿਚਾਰ-ਚਰਚਾ ਦੀ ਸ਼ੁਰੂਆਤ 1843 ਈ: ਵਿਚ ਹੋ ਗਈ ਸੀ, ਜਦੋਂ ਭਾਈ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਵਿਚ ਇਹ ਤੁਕਾਂ ਲਿਖੀਆਂ ਸਨ-

ਰਾਗਮਾਲਾ ਗੁਰ ਕੀ ਕ੍ਰਿਤ ਨਹਿ
ਹੈ ਮੁੰਦਾਵਣੀ ਲਗ ਗੁਰ ਬੈਨ।
ਇਸ ਮਹਿ ਸੰਸੈ ਨਹਿ ਕਛਿ ਕਰੀਅਹਿ
ਜੇ ਸੰਸੈ ਅਵਲੋਕਹੁ ਨੈਨ।

ਉਦੋਂ ਤੋਂ ਇਹ ਵਿਵਾਦ ਪੰਥ ਵਿਚ ਸੁਲਘਦਾ ਹੀ ਰਿਹਾ ਹੈ, ਕਦੀ ਪੂਰੀ ਤਰ੍ਹਾਂ ਮੁੱਕਿਆ ਜਾਂ ਬੁਝਿਆ ਨਹੀਂ।

ਗਿ: ਗੁਰਦਿੱਤ ਸਿੰਘ ਦਾ ਇਸ ਵਿਸ਼ੇ ਨਾਲ ਲਗਾਓ 1945-46 ਵਿਚ ਹੋਇਆ ਜਾਪਦਾ ਹੈ। ਉਦੋਂ ਤੋਂ ਲੈ ਕੇ ਅੱਜ ਤੱਕ ਅੱਧੀ ਸਦੀ ਤੋਂ ਵੀ ਵੱਧ ਸਮਾਂ ਬੀਤ ਗਿਆ ਹੈ ਪਰ ਗਿਆਨੀ ਜੀ ਨੇ ਇਸ ਵਿਸ਼ੇ ਤੋਂ ਮੁੱਖ ਨਹੀਂ ਮੋੜਿਆ। ਇਸ ਸਾਰੇ ਸਮੇਂ ਵਿਚ ਉਹ ਰਾਗਮਾਲਾ ਬਾਰੇ ਤੱਥ ਤੇ ਤਫ਼ਸੀਲਾਂ, ਪੱਤਰ ਤੇ ਪੋਥੀਆਂ ਇਕੱਤਰ ਕਰਦੇ ਰਹੇ ਹਨ ਅਤੇ ਹੁਣ ਦਲੀਲਾਂ ਅਤੇ ਹਵਾਲਿਆਂ ਨਾਲ ਭਰਪੂਰ, 300 ਸਫ਼ੇ ਦੀ 'ਮੁੰਦਾਵਣੀ' ਸਾਡੇ ਸਾਹਮਣੇ ਰੱਖ ਦਿੱਤੀ ਹੈ।

ਪਹਿਲੋਂ-ਪਹਿਲ ਤਕਰੀਬਨ ਸਾਰੇ ਵਿਦਵਾਨ ਇਸ ਗੱਲ 'ਤੇ ਸਹਿਮਤ ਸਨ ਕਿ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਨਹੀਂ। ਇਹ ਅਕਬਰ-ਸਮਕਾਲੀ ਇਕ ਹਿੰਦੀ ਕਵੀ ਆਲਮ ਦੀ ਕਾਵਿ-ਕਥਾ 'ਮਾਧਵਾਨਲ ਕਾਮਕੰਦਲਾ' ਦਾ ਇਕ ਭਾਗ ਹੈ ਅਤੇ ਇਹ ਰਚਨਾ, ਗੁਰੂ ਗ੍ਰੰਥ ਸਾਹਿਬ ਵਿਚ ਬੀੜ ਬੰਨ੍ਹਣ ਤੋਂ ਬਾਅਦ, ਕਿਸੇ ਤਰ੍ਹਾਂ ਸ਼ਾਮਲ ਹੋ ਗਈ ਹੈ। ਪਰ 1945-46 ਵਿਚ ਭਾਈ ਵੀਰ ਸਿੰਘ, ਉਨ੍ਹਾਂ ਦੇ ਭਰਾ ਡਾ: ਬਲਬੀਰ ਸਿੰਘ ਅਤੇ ਚੀਫ਼ ਖਾਲਸਾ ਦੀਵਾਨ ਅਦਿ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਦਾ ਅੰਗ (ਹਿੱਸਾ) ਮੰਨਣ ਲੱਗ ਪਏ। ਡਾ: ਬਲਬੀਰ ਸਿੰਘ ਨੇ 1946 ਵਿਚ ਰਾਗਮਾਲਾ ਦੇ ਪੱਖ ਵਿਚ ਇਕ ਪੁਸਤਕ 'ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਅਤੇ ਆਲਮ' ਵੀ ਪ੍ਰਕਾਸ਼ਿਤ ਕੀਤੀ। ਡਾਕਟਰ ਸਾਹਿਬ ਨੇ ਸਿੱਧ ਕੀਤਾ ਕਿ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦਾ ਅਟੁੱਟ ਅੰਗ ਹੈ। ਕਵੀ ਆਲਮ ਅਕਬਰ ਦਾ ਨਹੀਂ, ਔਰੰਗਜ਼ੇਬ, ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਉਸ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਗਮਾਲਾ ਚੋਰੀ ਕਰਕੇ ਆਪਣੀ ਕਾਵਿ-ਰਚਨਾ ਵਿਚ ਸ਼ਾਮਲ ਕਰ ਲਈ। ਇਸ ਤਰ੍ਹਾਂ ਰਾਗਮਾਲਾ ਦੀ ਸਮੱਸਿਆ ਬੜੀ ਜਟਿਲ ਹੋ ਗਈ।



ਗਿ: ਗੁਰਦਿੱਤ ਸਿੰਘ ਨੇ ਆਪਣੀ ਪੁਸਤਕ 'ਮੁੰਦਾਵਣੀ' ਵਿਚ ਰਾਗਮਾਲਾ ਦੇ ਦੋਵਾਂ ਪੱਖਾਂ ਦਾ ਡੂੰਘਾ ਅਧਿਐਨ ਪੇਸ਼ ਕੀਤਾ ਹੈ ਅਤੇ ਉਸ ਤੋਂ ਵੀ ਡੂੰਘਾ ਤੇ ਵਿਸ਼ਾਲ ਅਧਿਐਨ ਉਨ੍ਹਾਂ ਨੇ ਆਪਣੇ ਮਤ ਨੂੰ ਸਿੱਧ ਕਰਨ ਵਾਸਤੇ ਵੱਖ-ਵੱਖ ਸਰੋਤਾਂ ਤੋਂ ਸਮੱਗਰੀ ਇਕੱਤਰ ਕਰਨ ਲਈ ਕੀਤਾ ਹੈ। ਉਨ੍ਹਾਂ ਨੇ ਸੌ ਤੋਂ ਉੱਪਰ ਬੀੜਾਂ ਦੇ ਦਰਸ਼ਨ ਕੀਤੇ ਅਤੇ ਤਕਰੀਬਨ 60 ਬੀੜਾਂ ਵਿਚੋਂ ਸੰਬੰਧਿਤ ਪੰਨਿਆਂ ਦੇ ਚਿੱਤਰ ਪੁਸਤਕ ਵਿਚ ਛਾਪੇ ਹਨ। ਗਿਆਨੀ ਜੀ ਦਾ ਪਹਿਲਾ ਨੁਕਤਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਦੀ ਸਾਰੀ ਬਾਣੀ ਲਿਖਵਾ ਕੇ 'ਮੁੰਦਾਵਣੀ' ਦੇ ਸਲੋਕ ਲਿਖਾ ਦਿੱਤੇ ਤਾਂ ਬੀੜ ਦੀ ਵਿਧੀਵਤ ਸਮਾਪਤੀ ਹੋ ਗਈ। 'ਮੁੰਦਾਵਣੀ' ਸ਼ਬਦ ਮੁੰਦਣਾ ਤੋਂ ਬਣਿਆ ਹੈ। ਮੁੰਦਣਾ ਦਾ ਅਰਥ ਹੈ : ਮੁੰਦ ਦੇਣਾ, ਬੰਦ ਕਰ ਦੇਣਾ, ਸਮਾਪਤ ਕਰ ਦੇਣਾ। ਇਸ ਲਈ 'ਮੁੰਦਾਵਣੀ' ਤੋਂ ਬਾਅਦ ਜੋ ਕੁਝ ਵੀ ਪੁਰਾਤਨ ਜਾਂ ਨਵੀਨ ਬੀੜਾਂ ਵਿਚ ਮਿਲਦਾ ਹੈ, ਉਹ ਵਾਧੂ ਹੈ, ਬੀੜ ਦਾ ਹਿੱਸਾ ਨਹੀਂ।

ਦੂਜੀ ਗੱਲ ਗਿਆਨੀ ਜੀ ਨੇ ਕਵੀ ਆਲਮ ਦੇ ਜੀਵਨ ਬਾਰੇ ਮੁਕੰਮਲ ਖੋਜ ਕੀਤੀ ਹੈ। ਆਲਮ ਕਿਉਂਕਿ ਹਿੰਦੀ ਕਵੀ ਸੀ ਇਸ ਲਈ ਉਨ੍ਹਾਂ ਨੇ ਹਿੰਦੀ ਦੇ ਪ੍ਰਤਿਸ਼ਠ ਖੋਜੀ ਵਿਦਵਾਨਾਂ ਦੀਆਂ ਪੁਸਤਕਾਂ ਦੇ ਪ੍ਰਮਾਣੀਕ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਲਮ ਜੌਨਪੁਰ-ਸੁਜਾਨਪੁਰ (ਯੂ. ਪੀ.) ਦੇ ਇਲਾਕੇ ਦਾ ਵਸਨੀਕ ਸੀ। ਉਸ ਨੇ 'ਮਾਧਵਾਨਲ ਕਾਮਕੰਦਲਾ' ਦੀ ਰਚਨਾ ਆਦਿ ਗ੍ਰੰਥ ਦੀ ਬੀੜ ਬੰਨ੍ਹਣ (1604 ਈ:) ਤੋਂ 20-21 ਸਾਲ ਪਹਿਲਾਂ 1583-84 ਈ: ਵਿਚ ਕੀਤੀ। ਕਿਸੇ ਅਣਭੋਲ ਸਿੱਖ ਨੇ 'ਕਾਮਕੰਦਲਾ' ਦਾ ਭਾਗ ਰਾਗਮਾਲਾ ਭੋਲੇ-ਭਾਅ ਆਦਿ ਬੀੜ ਵਿਚ ਲਿਖ ਦਿੱਤੀ ਜੋ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਦਾ ਭਾਗ ਸਮਝੀ ਜਾਣ ਲੱਗ ਪਈ। ਹਿੰਦੀ ਵਿਦਵਾਨ ਵੀ ਕਹਿੰਦੇ ਹਨ ਕਿ 'ਆਲਮ ਦੀ ਇਹ (ਸ਼ਿੰਗਾਰ ਰਸ) ਰਚਨਾ ਗੁਰਮੁਖ ਬਾਣੀ ਦੇ ਰੂਪ ਵਿਚ ਸਤਿਕਾਰੀ ਜਾਣੀ ਇਕ ਵੱਡੀ ਭੁੱਲ ਹੈ।' (ਸ੍ਰੀ ਭਵਾਨੀ ਸ਼ੰਕਰ ਯਾਗਯਕ ਪੰਨਾ : 160)

ਤੀਜੀ ਗੱਲ ਆਦਿ ਬੀੜ ਵਿਚ ਰਾਗਮਾਲਾ ਉੱਤੇ ਇਸ ਦੇ ਕਰਤਾ ਦਾ ਨਾਂਅ ਨਹੀਂ ਦਿੱਤਾ ਗਿਆ ਜਦ ਕਿ ਹੋਰ ਸਾਰੀਆਂ ਬਾਣੀਆਂ ਉੱਤੇ ਕਰਤਾ ਦਾ ਨਾਂਅ ਜਾਂ ਮਹਲਾ ਅੰਕਿਤ ਹੈ। ਇਸ ਵਿਚ ਕਿਤੇ ਨਾਨਕ ਨਾਮ ਵੀ ਨਹੀਂ ਆਉਂਦਾ। ਰਾਗਮਾਲਾ ਵਿਚ ਵਰਣਿਤ ਸਾਰੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗ ਰਾਗਮਾਲਾ ਵਿਚ ਨਹੀਂ ਹਨ। ਨਾ ਹੀ ਰਾਗਮਾਲਾ ਦਾ ਸ਼ਿੰਗਾਰ-ਰਸ ਵਿਸ਼ਾ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਿਕ ਵਿਸ਼ੇ ਨਾਲ ਮੇਲ ਖਾਂਦਾ ਹੈ। ਇਸ ਲਈ ਰਾਗਮਾਲਾ ਦਾ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ ਕਿਸੇ ਪੱਖੋਂ ਵੀ ਪ੍ਰਸੰਗਿਕ ਨਹੀਂ ਹੈ।

ਚੌਥੀ ਗੱਲ ਸਮੁੱਚੀ ਪੁਸਤਕ ਇਸ ਸਿੱਟੇ ਉਤੇ ਪਹੁੰਚਦੀ ਹੈ ਕਿ 'ਮੁੰਦਾਵਣੀ' ਦੇ ਸਲੋਕਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੈ ਜਿਵੇਂ ਕਿ ਕੁਝ ਹੱਥ-ਲਿਖਤ ਬੀੜਾਂ 'ਚ 'ਮੁੰਦਾਵਣੀ' ਤੋਂ ਬਾਅਦ ਇਹ ਸੂਚਨਾ ਅੰਕਿਤ ਹੈ, 'ਏਹੁ ਭੋਗੁ ਸ੍ਰੀ ਆਦਿ ਗਿਰੰਥ ਜੀ ਹੈ।' ਮੁੰਦਾਵਣੀ ਤੋਂ ਬਾਅਦ ਜੋ ਕੁਝ ਵੀ ਕਿਤੇ ਲਿਖਿਆ ਜਾਂ ਛਪਿਆ ਮਿਲਦਾ ਹੈ, ਚਾਹੇ ਉਹ ਰਾਗਮਾਲਾ ਹੈ ਜਾਂ ਰਤਨਮਾਲਾ ਜਾਂ ਕੁਝ ਹੋਰ, ਉਹ ਗੁਰੂ ਗ੍ਰੰਥ ਦਾ ਹਿੱਸਾ ਨਹੀਂ।

ਗਿ: ਗੁਰਦਿੱਤ ਸਿੰਘ ਦਾ ਸੁਭਾਅ ਹੈ ਕਿ ਉਹ ਜਿਸ ਵਿਸ਼ੇ ਨੂੰ ਵੀ ਹੱਥ ਪਾਉਂਦੇ ਹਨ, ਬਾਦਲੀਲ ਤਰੀਕੇ ਨਾਲ ਗੱਲ ਸਿਰੇ ਲਾ ਦਿੰਦੇ ਹਨ। ਆਪਣੇ ਵਿਸ਼ੇ ਦੇ ਸਬੰਧ ਵਿਚ ਉਹ ਬਹੁਤ ਦੂਰ ਤੱਕ ਜਾਂਦੇ ਹਨ। ਉਨ੍ਹਾਂ ਦੇ ਹੱਥ ਬਹੁਤ ਲੰਮੇ ਹਨ। ਹੱਥ-ਲਿਖਤ ਸਿੱਖ ਸਾਹਿਤ ਦਾ ਉਨ੍ਹਾਂ ਨੂੰ ਬੇਹੱਦ ਗਿਆਨ ਹੈ। ਬਿਰਧ ਅਵਸਥਾ ਅਤੇ ਅੱਖਾਂ ਦੀ ਤਕਲੀਫ਼ ਦੇ ਬਾਵਜੂਦ ਉਨ੍ਹਾਂ ਦਾ ਕਲਮ-ਪਿਆਰ ਅਜੇ ਵੀ ਜੋਬਨ 'ਤੇ ਹੈ। ਰਾਗਮਾਲਾ ਤੇ ਮੁੰਦਾਵਣੀ ਦੇ ਸਬੰਧ ਵਿਚ ਉਨ੍ਹਾਂ ਨੇ ਆਪਣੀ ਖੋਜ ਦਾ ਖਜ਼ਾਨਾ ਪੰਥ ਦੇ ਸਨਮੁਖ ਰੱਖ ਦਿੱਤਾ ਹੈ। ਇਸ ਬਾਰੇ ਅੰਤਿਮ ਨਿਰਣਾ ਪੰਥ ਦੀ ਜ਼ਿੰਮੇਵਾਰੀ ਹੈ।

**-ਨਰਿੰਜਨ ਸਿੰਘ ਸਾਥੀ**